


# ਕੋਵਿਡ-19 ਟੀਕੇ ਅਤੇ ਤੁਹਾਡੀ ਜਣਨ-ਸ਼ਕਤੀ

**ਡਾਕਟਰੀ ਮਾਹਿਰ ਅਤੇ ਸਾਇੰਸਦਾਨ ਇਸ ਗੱਲ ਨਾਲ ਸਹਿਮਤ ਹਨ ਕਿ ਇਨ੍ਹਾਂ ਟੀਕਿਆਂ ਨਾਲ ਜਣਨ-ਸ਼ਕਤੀ 'ਤੇ ਕੋਈ ਅਸਰ ਨਹੀਂ ਪੈ ਸਕਦਾ।**

ਇਹ ਟੀਕੇ ਲੋਕਾਂ ਨੂੰ ਕੋਵਿਡ-19 ਨਾਲ ਗੰਭੀਰ ਰੂਪ ਵਿਚ ਬਿਮਾਰ ਹੋਣ ਜਾਂ ਮਰਨ ਤੋਂ ਬਚਾਉਂਦੇ ਹਨ। ਜੇਕਰ ਤੁਹਾਨੂੰ ਕੋਵਿਡ-19 ਦਾ ਖਤਰਾ ਹੈ, ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਸੁਰੱਖਿਅਤ ਹੋਵੋ ਅਤੇ ਜਦ ਤੁਹਾਨੂੰ ਟੀਕੇ ਦੀ ਪੇਸ਼ਕਸ਼ ਕੀਤੀ ਜਾਵੇ, ਟੀਕਾ ਲਗਵਾਓ।

ਬਹੁਤ ਸਾਰੀਆਂ ਅਫ਼ਵਾਹਾਂ ਹਨ ਕਿ ਇਹ ਟੀਕੇ ਜਣਨ-ਸ਼ਕਤੀ ਨੂੰ ਪ੍ਰਭਾਵਿਤ ਕਰਦੇ ਹਨ ਲੇਕਿਨ ਇਹ ਸੱਚ ਨਹੀਂ ਹੈ।

ਅਜਿਹਾ ਇਸ ਕਰਕੇ ਹੈ:

- ਅਜਿਹੀ ਕੋਈ ਵਿਗਿਆਨਕ ਪ੍ਰਕ੍ਰਿਆ ਨਹੀਂ ਹੈ ਜਿਸ ਨਾਲ ਟੀਕੇ ਇਸਤਰੀਆਂ ਦੀ ਜਣਨ-ਸ਼ਕਤੀ 'ਤੇ ਅਸਰ ਪਾ ਸਕਦੇ ਹੋਣ।
- ਸਾਰੇ ਟੀਕਿਆਂ ਵਾਂਗ, ਕੋਵਿਡ-19 ਟੀਕੇ ਤੁਹਾਡੇ ਸਰੀਰ ਨੂੰ ਬਿਮਾਰੀ ਨਾਲ ਲੜਨਾ ਸਿਖਾਉਂਦੇ ਹਨ ਅਤੇ ਅਜਿਹਾ ਕਰਨ ਲਈ ਰੋਗਨਾਸ਼ਕ ਤਿਆਰ ਕਰਦੇ ਹਨ। ਇਨ੍ਹਾਂ ਵਿਚ ਅਜਿਹੀ ਕੋਈ ਸਮੱਗਰੀ ਨਹੀਂ ਹੈ ਜਿਨ੍ਹਾਂ ਨਾਲ ਜਣਨ-ਸ਼ਕਤੀ ਪ੍ਰਭਾਵਿਤ ਹੁੰਦੀ ਹੋਵੇ ਅਤੇ ਇਸਦੇ ਅੰਸ਼ ਕੁਝ ਦਿਨਾਂ ਬਾਅਦ ਸਰੀਰ ਵਿਚੋਂ ਨਿਕਲ ਜਾਂਦੇ ਹਨ।
- ਇਸ ਥਿਊਰੀ ਨੂੰ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਹੈ ਕਿ ਸਪਾਈਕ ਪ੍ਰੋਟੀਨ ਦੀ ਰੋਕ ਭਾਵ ਅਮਿਊਨਿਟੀ ਨਾਲ ਜਣਨ ਸੰਬੰਧੀ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਬਹੁਤ ਸਾਰੇ ਲੋਕ ਜਿਨ੍ਹਾਂ ਨੂੰ ਕੋਵਿਡ-19 ਹੁੰਦਾ ਹੈ ਉਨ੍ਹਾਂ ਵਿਚ ਸਪਾਈਕ ਵਾਸਤੇ ਰੋਗ-ਨਾਸ਼ਕ ਭਾਵ ਐਂਟੀਬੌਡੀਜ਼ ਪੈਦਾ ਹੋ ਜਾਂਦੇ ਹਨ ਅਤੇ ਅਜਿਹਾ ਕੋਈ ਸਬੂਤ ਨਹੀਂ ਹੈ ਕਿ ਜਿਨ੍ਹਾਂ ਲੋਕਾਂ ਨੂੰ ਕੋਵਿਡ-19 ਹੋ ਚੁੱਕਾ ਹੈ ਉਨ੍ਹਾਂ ਨੂੰ ਜਣਨ-ਸ਼ਕਤੀ ਸੰਬੰਧੀ ਕੋਈ ਸਮੱਸਿਆਵਾਂ ਪੇਸ਼ ਆਈਆਂ ਹੋਣ।
- ਨਵੀਆਂ ਨਿਕਲੀਆਂ ਦਵਾਈਆਂ ਵਾਸਤੇ ਆਮ ਤਰੀਕਾ ਇਹ ਹੈ ਕਿ ਸ਼ੁਰੂ ਵਿਚ ਇਹ ਗਰਭਵਤੀ ਜਾਂ ਗਰਭਵਤੀ ਹੋਣ ਦੀ ਕੋਸ਼ਿਸ਼ ਕਰ ਰਹੀਆਂ ਇਸਤਰੀਆਂ ਨੂੰ ਨਹੀਂ ਦਿੱਤੀਆਂ ਜਾਂਦੀਆਂ। ਹੁਣ ਜਦਕਿ ਵਧੇਰੇ ਜਾਣਕਾਰੀ ਮਿਲਦੀ ਹੈ, ਟੀਕਿਆਂ ਦੀ ਸੁਰੱਖਿਆ ਦੀ ਜਾਂਚ ਕਰ ਰਹੇ ਸੁਤੰਤਰ ਅਦਾਰੇ (ਦ ਜੁਆਇੰਟ ਕਮੇਟੀ ਫ਼ਾਰ ਵੈਕਸੀਨੇਸ਼ਨਜ਼ ਐਂਡ ਅਮਿਊਨਾਈਜੇਸ਼ਨਜ਼) ਨੇ ਆਪਣੀ ਸਲਾਹ ਨੂੰ ਨਵਿਆਇਆ ਹੈ ਅਤੇ ਉਨ੍ਹਾਂ ਦਾ ਕਥਨ ਹੈ ਕਿ ਇਨ੍ਹਾਂ ਵਿਚੋਂ ਕੋਈ ਵੀ ਟੀਕਾ ਲੱਗਣ ਤੋਂ ਬਾਅਦ ਇਸਤਰੀਆਂ ਨੂੰ ਗਰਭ ਧਾਰਨ ਕਰਨ ਵਿਚ ਦੇਰੀ ਕਰਨ ਦੀ ਕੋਈ ਲੋੜ ਨਹੀਂ ਹੈ।

## ਮਾਹਿਰ ਕੀ ਕਹਿੰਦੇ ਹਨ

**GP In: Dr Colin Speers, local GP and Clinical Lead for COVID-19 Vaccination, NHS Wakefield Clinical Commissioning Group (CCG)**

" ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਇਨ੍ਹਾਂ ਵਿਚੋਂ ਕਿਸੇ ਵੀ ਟੀਕੇ ਦਾ ਜਣਨ-ਸ਼ਕਤੀ ਉੱਪਰ ਕੋਈ ਅਸਰ ਪੈਂਦਾ ਹੈ, ਜਾਂ ਅਸਰ ਪੈ ਸਕਣ ਦਾ ਕੋਈ ਕੋਈ ਕਾਰਨ ਹੈ। ਜਿਸ ਕਿਸੇ ਵੀ ਵਿਅਕਤੀ ਨੂੰ ਟੀਕੇ ਦੀ ਪੇਸ਼ਕਸ਼ ਹੁੰਦੀ ਹੈ, ਮੈਂ ਉਨ੍ਹਾਂ ਨੂੰ ਟੀਕਾ ਲਗਵਾਉਣ ਦੀ ਸਲਾਹ ਦਿੰਦਾ ਹਾਂ। ਇਹ ਸੁਰੱਖਿਅਤ ਹੈ ਅਤੇ ਤੁਹਾਨੂੰ ਵਾਇਰਸ ਤੋਂ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। "

**ਦ ਬ੍ਰਿਟਿਸ਼ ਫਰਟਿਲਿਟੀ ਸੁਸਾਇਟੀ ਐਂਡ ਐਸੋਸੀਏਸ਼ਨ ਆਫ਼ ਰੀਪ੍ਰੋਡਕਟਿਵ ਐਂਡ ਕਲੀਨੀਕਲ ਸਾਇੰਟਿਸਟਸ:**
".ਇਸ ਗੱਲ ਦਾ ਬਿਲਕੁਲ ਕੋਈ ਸਬੂਤ ਨਹੀਂ ਹੈ, ਅਤੇ ਕੋਈ ਥਿਊਰੀ ਨਹੀਂ ਹੈ, ਕਿ ਕਿਸੇ ਵੀ ਟੀਕੇ ਨਾਲ ਇਸਤਰੀਆਂ ਜਾਂ ਆਦਮੀਆਂ ਦੀ ਜਣਨ-ਸ਼ਕਤੀ ਉੱਪਰ ਕੋਈ ਅਸਰ ਪੈਂਦਾ ਹੋਵੇ।"

**ਡਾਕਟਰ ਐਡਵਰਡ ਮੌਰਿਸ, ਰੌਇਲ ਕੌਲਿਜ ਆਫ਼ ਔਬਸਟੀਟਰੀਸ਼ਨਜ਼ ਐਂਡ ਗਾਇਨਾਕੌਲੋਜਿਸਟਸ ਦੇ ਪ੍ਰਧਾਨ**
"ਅਸੀਂ ਇਸਤਰੀਆਂ ਨੂੰ ਇਹ ਯਕੀਨ ਦਿਵਾਉਣਾ ਚਾਹੁੰਦੇ ਹਾਂ ਕਿ ਅਜਿਹਾ ਕੋਈ ਸਬੂਤ ਨਹੀਂ ਹੈ ਜਿਸਤੋਂ ਪਤਾ ਲੱਗਦਾ ਹੋਵੇ ਕਿ ਕੋਵਿਡ-19 ਦੇ ਟੀਕਿਆਂ ਦਾ ਜਣਨ-ਸ਼ਕਤੀ ਉੱਪਰ ਕੋਈ ਅਸਰ ਹੋਵੇ। ਜੀਵ ਵਿਗਿਆਨ ਦਾ ਕੋਈ ਵੀ ਅਜਿਹਾ ਸੰਭਵ ਤਰੀਕਾ ਨਹੀਂ ਹੈ ਜਿਸ ਨਾਲ ਵਰਤਮਾਨ ਟੀਕੇ ਇਸਤਰੀਆਂ ਦੀ ਜਣਨ-ਸ਼ਕਤੀ ਉੱਪਰ ਕੋਈ ਅਸਰ ਪਾ ਸਕਦੇ ਹਨ। ਅਜਿਹਾ ਕੋਈ ਸਬੂਤ ਪੇਸ਼ ਨਹੀਂ ਕੀਤਾ ਗਿਆ ਹੈ ਕਿ ਟੀਕਾ ਲਗਵਾਉਣ ਵਾਲੀਆਂ ਇਸਤਰੀਆਂ ਨੂੰ ਜਣਨ-ਸ਼ਕਤੀ ਸੰਬੰਧੀ ਕੋਈ ਸਮੱਸਿਆਵਾਂ ਸਾਹਮਣੇ ਆਈਆਂ ਹੋਣ ।"

**ਡਾਕਟਰ ਗਾਇਤਰੀ ਅਮਿਰਥਾਲਿੰਗਮ, ਕੰਸਲਟੈਂਟ, ਪਬਲਿਕ ਹੈਲਥ ਇੰਗਲੈਂਡ, ਨੈਸ਼ਨਲ ਅਮਿਊਨਾਈਜੇਸ਼ਨ ਟੀਮ:**
"ਖੋਜ ਤੋਂ ਪਤਾ ਚੱਲਦਾ ਹੈ ਕਿ, ਦੂਸਰੇ ਟੀਕਿਆਂ ਵਾਂਗ, ਟੀਕਾ ਲੱਗਣ ਤੋਂ ਬਾਅਦ ਇਸ ਟੀਕੇ ਦੇ ਅੰਸ਼ ਤੁਹਾਡੇ ਲਿੰਫ ਗਲੈਂਡਜ਼ ਵਿਚ ਚਲੇ ਜਾਂਦੇ ਹਨ ਅਤੇ ਕੁਝ ਦਿਨਾਂ ਦੇ ਵਿਚ ਇਹ ਤੁਹਾਡੇ ਸਰੀਰ ਵਿਚੋਂ ਬਾਹਰ ਚਲੇ ਜਾਂਦੇ ਹਨ। ਇਸ ਲਈ ਅਜਿਹਾ ਕੋਈ ਤਰੀਕਾ ਨਹੀਂ ਹੈ ਜਿਸ ਨਾਲ ਇਹ ਟੀਕਾ ਤੁਹਾਡੀ ਵਰਤਮਾਨ ਜਾਂ ਭਵਿੱਖ ਦੀ ਜਣਨ-ਸ਼ਕਤੀ ਉੱਪਰ ਅਸਰ ਪਾ ਸਕਦਾ ਹੋਵੇ।"

**ਪ੍ਰੋਫੈਸਰ ਕ੍ਰਿਸ ਵਿਟੀ, ਇੰਗਲੈਂਡ ਦਾ ਚੀਫ਼ ਮੈਡੀਕਲ ਔਫ਼ੀਸਰ:**
"ਅਜਿਹਾ ਕੋਈ ਸਬੂਤ ਨਹੀਂ ਹੈ ਕਿ ਕਿਸੇ ਵੀ ਟੀਕੇ ਦਾ ਜਣਨ-ਸ਼ਕਤੀ ਉੱਪਰ ਕੋਈ ਅਸਰ ਹੋਵੇ, ਅਤੇ ਜੇਕਰ ਅਜਿਹਾ ਹੋਵੇ ਤਾਂ ਇਹ ਬਹੁਤ ਹੈਰਾਨੀ ਵਾਲੀ ਗੱਲ ਹੋਵੇਗੀ। ਇਸ ਵਿਚ ਕੋਈ ਅਜਿਹੀ ਗੱਲ ਨਹੀਂ ਹੈ ਜਿਸ ਬਾਰੇ ਲੋਕਾਂ ਨੂੰ ਫ਼ਿਕਰ ਕਰਨ ਦੀ ਲੋੜ ਹੈ।"

**ਡਾਕਟਰ ਵਰਜੀਨੀਆ ਬੈਕੇਟ, ਕਲੀਨੀਕਲ ਲੀਡ ਫਾਰ ਰੀਪ੍ਰੋਡਕਟਿਵ ਮੈਡੀਸਨ, ਬਰੈਡਫੋਰਡ ਟੀਚਿੰਗ ਹੌਸਪੀਟਲਜ਼ ਐੱਨ ਐੱਚ ਐੱਸ ਫਾਉਂਡੇਸ਼ਨ ਟਰੱਸਟ:**
" ਗਰਭਵਤੀ ਹੋਣ ਦੀ ਸੰਭਾਵਨਾ ਉੱਪਰ ਟੀਕੇ ਦੇ ਪੈਣ ਵਾਲੇ ਅਸਰਾਂ ਬਾਰੇ ਬਹੁਤ ਸਾਰੀ ਗਲਤ ਜਾਣਕਾਰੀ ਮਿਲਦੀ ਹੈ ਲੇਕਿਨ ਜੀਵ ਵਿਗਿਆਨ ਅਨੁਸਾਰ ਅਜਿਹਾ ਸੰਭਵ ਨਹੀਂ ਹੈ। ਜੇਕਰ ਤੁਸੀਂ ਗਰਭਵਤੀ ਹੋਣ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਮੈਂ ਤੁਹਾਨੂੰ ਸਲਾਹ ਦੇਵਾਂਗੀ ਕਿ ਤੁਸੀਂ ਟੀਕਾ ਲਗਵਾਓ ਤਾਂਕਿ ਗਰਭਵਤੀ ਹੋਣ ਵੇਲੇ ਤੁਸੀਂ ਕੋਵਿਡ-19 ਤੋਂ ਸੁਰੱਖਿਅਤ ਰਹੋ।"

**ਹੋਰ ਜਾਣਕਾਰੀ:**

- ਇਹ ਬਿਆਨ ਕਰਦੀ ਡਾਕਟਰ ਗਾਇਤਰੀ ਅਮਿਰਥਾਲਿੰਗਮ ਦੀ ਵੀਡੀਓ ਕਿ ਕਿਵੇਂ ਟੀਕੇ ਜਣਨ-ਸ਼ਕਤੀ ਉੱਪਰ ਅਸਰ ਨਹੀਂ ਕਰਦੇ: https://www.youtube.com/watch?v=aF4Hk5C27KU&list=PLLDAq3SAWJh14Eha8es7pUVU1rCU1E5yU&index=1
- ਡਾਕਟਰ ਵਰਜੀਨੀਆ ਬੈਕੇਟ ਦੀ ਵੀਡੀਓ ਇਹ ਦੱਸਦੀ ਹੋਈ ਕਿ ਗਰਭ ਧਾਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਟੀਕਾ ਕਿਉਂ ਲਵਾਉਣਾ ਚਾਹੀਦਾ ਹੈ: https://twitter.com/bthft/status/1362028759822594050?s=24
- ਫੈਕਟਸ਼ੀਟ ਤਰਫੋਂ ਬ੍ਰਿਟਿਸ਼ ਫਰਟਿਲਿਟੀ ਸੁਸਾਇਟੀ ਐਂਡ ਐਸੋਸੀਏਸ਼ਨ ਆਫ਼ ਰੀਪ੍ਰੋਡਕਟਿਵ ਐਂਡ ਕਲੀਨੀਕਲ ਸਾਇੰਟਿਸਟਸ: https://www.arcscientists.org/wp-content/uploads/2021/02/Covid19-Vaccines-FAQ-1_2-logos-1.pdf
- ਰੌਇਲ ਕੌਲਿਜ ਆਫ਼ ਔਬਸਟਰੀਟੀਸ਼ਨਜ਼ ਐਂਡ ਗਾਇਨਾਕੌਲੋਜਿਸਟਸ ਤੋਂ ਜਾਣਕਾਰੀ: **ਕੋਵਿਡ-19 ਟੀਕੇ ਬਾਰੇ ਗਰਭਵਤੀ ਇਸਤਰੀਆਂ ਲਈ ਜਾਣਕਾਰੀ ਅਤੇ ਸਲਾਹ**
- ਜੇਕਰ ਤੁਹਾਨੂੰ ਟੀਕਾ ਲਗਵਾਉਣ ਸੰਬੰਧੀ ਕਿਸੇ ਗੱਲ ਦੀ ਚਿੰਤਾ ਹੈ ਤਾਂ, ਆਪਣੇ ਜੀਪੀ ਦੀ ਸਲਾਹ ਲਵੋ।.